# ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਵਿਭਾਗ, ਪੰਜਾਬ
# ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫਰੀਦਕੋਟ।

ਫੋਨ: 01639-250193,99883-50193

ਈ-ਮੇਲ emp.officefaridkot@yahoo.com


## ਪਬਲਿਕ ਨੋਟਿਸ

ਵਿਸ਼ਾ:- ਜਿਲ੍ਹਾ ਫਰੀਦਕੋਟ ਵਿਖੇ ਲੱਗਣ ਵਾਲੇ 7ਵੇਂ ਮੈਗਾ ਰੋਜ਼ਗਾਰ ਮੇਲਿਆਂ ਲਈ ਟੈਂਟ ਅਤੇ ਕੈਟਰਿੰਗ ਦਾ ਪ੍ਰਬੰਧ ਕਰਨ ਲਈ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਫਰਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫਰੀਦਕੋਟ ਵਲੋਂ ਜਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਸਤੰਬਰ ਮਹੀਨੇ ਵਿੱਚ ਮਿਤੀ 9 ਸਤੰਬਰ, 2021 ਨੂੰ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ (ਲੜਕੇ), ਕੋਟਕਪੂਰਾ, ਮਿਤੀ 14 ਸਤੰਬਰ, 2021 ਨੂੰ ਯੂਨੀਵਰਸਿਟੀ ਕਾਲਜ, ਜੈਤੋ ਅਤੇ ਮਿਤੀ 16 ਸਤੰਬਰ, 2021 ਨੂੰ ਸਰਕਾਰੀ ਬ੍ਰਜਿੰਦਰਾ ਕਾਲਜ, ਫਰੀਦਕੋਟ ਵਿਖੇ ਮੈਗਾ ਰੋਜ਼ਗਾਰ ਮੇਲੇ ਲਗਾਏ ਜਾਣੇ ਹਨ। ਇਹਨਾਂ ਸਥਾਨਾਂ ਤੇ ਲੱਗਣ ਵਾਲੇ ਮੇਲਿਆਂ ਵਿੱਚ ਟੈਂਟ ਅਤੇ ਸਟਾਫ ਲਈ ਨਾਸ਼ਤੇ ਅਤੇ ਲੰਚ ਲਈ ਕੈਟਰਿੰਗ ਦਾ ਪ੍ਰੰਬਧ ਕਰਨ ਲਈ ਫਰਮਾਂ ਤੋਂ ਸੀਲ ਬੰਦ ਲਿਫਾਫੇ ਵਿੱਚ ਕੁਟੇਸ਼ਨਾ ਦੀ ਮੰਗ ਕੀਤੀ ਜਾਂਦੀ ਹੈ। ਇਹ ਕੁਟੇਸ਼ਨਾ ਮਿਤੀ 06 ਸਤੰਬਰ 2021 ਤੱਕ ਸ਼ਾਮ 4 ਵਜੇ ਤੱਕ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਨੇੜੇ ਸੰਧੂ ਪੇਲੈਸ, ਰੈਡ ਕਰਾਸ ਭਵਨ ਦੀ ਪਹਿਲੀ ਮੰਜ਼ਿਲ, ਤਲਵੰਡੀ ਰੋਡ, ਫਰੀਦਕੋਟ ਵਿਖੇ ਪਹੁੰਚ ਜਾਣੀਆ ਚਾਹੀਦੀਆਂ ਹਨ। ਵਧੇਰੇ ਜਾਣਕਾਰੀ ਲਈ ਕਿਸੇ ਵੀ ਕੰਮ ਵਾਲੇ ਦਿਨ ਦਫਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਸਬੰਧੀ ਹਦਾਇਤਾਂ ਹੇਠ ਅਨੁਸਾਰ ਹਨ:

1. ਟੈਂਟ ਦਾ ਪ੍ਰਬੰਧ ਕਰਨ ਲਈ ਸੀਲਿੰਗ, ਪਰਦੇ, ਕੁਰਸੀਆਂ, ਮੇਜ, ਚਾਦਰਾਂ, ਪਾਈਪ, ਪਾਈਪ ਕਵਰ, ਸਾਈਡ ਕਵਰ, ਹਮਾਮ, ਸਟੈਡਿੰਗ ਡਸਟਬੀਨ, ਮੈਟ, ਹਮਾਮ, ਪਾਈਪ ਸਟੈਂਡ ਆਦਿ ਦੀ ਲੋੜ ਹੈ।
2. ਕੈਟਰਿੰਗ ਵਿੱਚ ਚਾਹ-ਪਾਣੀ ਅਤੇ ਨਾਸ਼ਤੇ ਵਿੱਚ ਸੈਡਵਿਚ, ਵੈਜ ਕਟਲਸ ਅਤੇ ਲੰਚ ਵਿੱਚ ਚਾਵਲ, ਰਾਇਤਾ, ਮਿਕਸ ਵੈਜ, ਦਾਲ ਮਖਣੀ, ਚਪਾਤੀ ਅਤੇ ਸਲਾਦ ਆਦਿ ਦਾ ਪ੍ਰਬੰਧ ਕਰਨ ਦੀ ਲੋੜ ਹੈ। ਮੇਲੇ ਵਿੱਚ ਆਏ VIP's ਅਤੇ ਸਟਾਫ ਦੇ ਮੈਂਬਰਾਂ ਨੂੰ ਖਾਣਾ ਖੁਵਾਉਣ ਲਈ ਭਾਂਡਿਆਂ ਅਤੇ ਵੇਟਰ ਆਦਿ ਦਾ ਪ੍ਰਬੰਧ ਸਬੰਧਤ ਫਰਮ ਵਲੋਂ ਕੀਤਾ ਜਾਵੇਗਾ।
3. ਸਬੰਧਤ ਫਰਮ ਵਲੋਂ ਜੋ ਕੂਟੇਸ਼ਨਾ ਭੇਜੀਆ ਜਾਣੀਆਂ ਹਨ ਉਸ ਕੋਲ ਜੀ.ਐਸ.ਟੀ. ਨੰਬਰ ਜਾਂ ਪੈਨ ਨੰਬਰ ਦੇਣਾ ਲਾਜਮੀ ਹੈ ਕਿਉਂ ਜੋ ਇਨ੍ਹਾਂ ਖਰਚਿਆਂ ਦੀ ਅਦਾਇਗੀ ਕਰਨ ਲਈ ਅਸਲ ਬਿੱਲ ਦੀ ਜ਼ਰੂਰਤ ਹੈ।
4. ਸਮਾਨ ਪਹੁੰਚਾਉਣ ਅਤੇ ਲਿਜਾਣ ਲਈ ਭਾੜੇ ਦੀ ਜਿੰਮੇਵਾਰੀ ਸਬੰਧਤ ਫਰਮ ਦੀ ਹੋਵੇਗੀ।
5. ਜਿਸ ਕੰਮ ਲਈ ਲੇਬਰ ਦੀ ਜ਼ਰੂਰਤ ਹੈ ਤਾਂ ਪ੍ਰਤੀ ਵਿਅਕਤੀ ਨੂੰ ਲੇਬਰ ਰੇਟ ਵੀ ਦਿੱਤਾ ਜਾਵੇਗਾ।

1/9/21

ਜਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ,
ਫਰੀਦਕੋਟ।